ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ(ਸੈਕੰਡਰੀ) ਪੰਜਾਬ, ਐਸ.ਏ. ਐਸ. ਨਗਰ।
(ਪ੍ਰਮੋਸ਼ਨ ਸੈਲ)

ਹੁਕਮ ਨੰ: 1211599 /ਪੀ.ਸੈਲ(4)
ਮਿਤੀ, ਐਸ.ਏ.ਐਸ.ਨਗਰ: 28-09-2026

1. "Punjab Educational (Teaching Cadre) Group 'C' Service Rules 2018, Punjab Educational (Teaching Cadre) Group 'C' Service (First Amendment) Rules, 2020 and Punjab Educational (Teaching Cadre) Group 'C' Service (Amendment) Rules, 2021" ਅਤੇ ਇਸ ਵਿੱਚ ਸਮੇਂ ਸਮੇਂ ਤੇ ਜਾਰੀ ਸੋਧਾਂ ਅਧੀਨ ਵੱਖ-2 ਫੀਡਰ ਕਾਡਰਾਂ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ ਰਾਖਵੇਂ ਕੋਟੇ ਨਿਰਧਾਰਿਤ ਕੀਤੇ ਗਏ ਹਨ। ਅਤੇ ਇੰਨਾਂ ਨਿਯਮਾਂ ਵਿੱਚ ਈ.ਟੀ.ਟੀ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ 14% ਕੋਟਾ ਰਾਖਵਾਂ ਹੈ।
2. ਸਿੱਖਿਆ ਵਿਭਾਗ ਪੰਜਾਬ, ਵਿੱਚ ਕੰਮ ਕਰਦੇ ਈ.ਟੀ.ਟੀ. ਕਾਡਰ ਦੇ ਕਰਮਚਾਰੀਆਂ ਦੀਆਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਲਈ ਇੰਟਰ-ਸੇ ਸੀਨੀਆਰਤਾ ਤਿਆਰ ਕੀਤੀ ਗਈ। ਇਸ ਉਪਰੰਤ ਮਾਸਟਰ ਕਾਡਰ ਦੇ ਸਮੂਹ ਵਿਸ਼ਿਆਂ ਵਿੱਚ ਪਦ-ਉੱਨਤੀ ਕੋਟੇ ਦੀਆਂ ਉਪਲਬੱਧ ਖਾਲੀ ਆਸਾਮੀਆਂ ਵਿਰੁੱਧ ਪਦ-ਉੱਨਤੀਆਂ ਲਈ ਵਿਭਾਗ ਦੀ ਵੈੱਬ-ਸਾਈਟ ਤੇ ਨੋਟਿਸ ਮਿਤੀ 21.08.2026 ਜਾਰੀ ਕੀਤਾ ਗਿਆ ਸੀ।
3. ਪਦ-ਉੱਨਤੀ ਦੀ ਯੋਗਤਾ ਸਬੰਧੀ ਮਿਤੀ 21.08.2026 ਦੇ ਨੋਟਿਸ ਰਾਹੀਂ ਕੱਟ-ਆਫ-ਡੇਟ 31.07.2026 ਰੱਖੀ ਗਈ ਸੀ ਅਤੇ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਰਾਹੀਂ ਕੇਸਾਂ ਦੀ ਮੰਗ ਕੀਤੀ ਗ ਸੀ। ਸਮੂਹ ਜਿਲਿਆਂ ਤੋਂ ਪ੍ਰਾਪਤ ਕੇਸਾਂ ਵਿਚੋਂ ਸੀਨੀਆਰਤਾ ਦੇ ਆਧਾਰ ਤੇ ਯੋਗ ਈ.ਟੀ.ਟੀ. ਕਾਡਰ ਦੇ ਕਰਮਚਾਰੀਆਂ ਦੀਆਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਕੀਤੀਆਂ ਗਈਆਂ ਹਨ। ਇਨ੍ਹਾ ਪਦ-ਉੱਨਤ ਅਧਿਆਪਕਾਂ ਨੂੰ ਸਟੇਸ਼ਨ ਅਲਾਟਮੈਂਟ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ -

**E.T.T TO PHYSICAL EDUCATION**

| Sr. No. | inter-se Sen. No. | Staff ID | Employee Name | School Name | District | Sel. Cat. | Allotted Station | Alloted District |
|---|---|---|---|---|---|---|---|---|
| 1 | 1607 | 953343770 | Amritpal Singh | Gps Balloh Basti | Bathinda | Open | Gsss Rayia | Bathinda |
| 2 | 1847 | 465143839 | Boota Singh | Gps Gonspura | Bathinda | Open | Ghs Ramuwala | Bathinda |
| 3 | 2362 | 671584759 | Gurwinder Singh | Gps Malakpur | Mansa | Open | School Of Eminence Barnala District Barnala | Barnala |
| 4 | 2537 | 531826885 | Karamjeet Singh | Gps Gonspura | Bathinda | Open | Gsss Bhairupa Boys | Bathinda |
| 5 | 5917 | 597754979 | Ranjit Singh | Gps Pakki Tibbi | Sri Muktsar Sahib | Open | Gsss Maan Singh Wala | Sri Muktsar Sahib |
| 6 | 6386 | 572642422 | Gurvinder Singh | Gps Adampura | Bathinda | Open | Ghs Adampura | Bathinda |
| 7 | 6845 | 768961243 | Kanwalpreet Singh Gill | Gps Khadial | Sangrur | Open | Shaheed Udham Singh Pm Shri Government Girls Senior Secondary School, | Sangrur |

| | | | | | | | | |
|---|---|---|---|---|---|---|---|---|
| | | | | | | | Sunam Udham Singh Wala | |
| 8 | 7415 | 380668508 | Gurmail Singh | Gps Chatha Nanhera | Sangrur | Open | Comrade Bhim Singh School Of Eminence Dirba Sangrur | Sangrur |
| 9 | 9437 | 852151744 | Maninderpal Kaur | Gps Bibi Wala | Bathinda | Open | Gsss Mandi Kalan | Bathinda |
| 10 | 9579 | 743117839 | Govardhan Sharma | Diet Sangrur | Sangrur | Open | Diet Sangrur | Sangrur |
| 11 | 10656 | 355478514 | Darshan Singh | Gps Chak Madi Ke | Ferozepur | Open | Gsss Dona Mattar | Ferozepur |
| 12 | 11276 | 239924682 | Sukhpal Singh | Gps Valmik Colony | Faridkot | Open | Shaheed Sipahi Kulwinder Singh Govt. Sen. Sec. Smart School Machaki Kalan | Faridkot |
| 13 | 11453 | 198413444 | Jagtar Singh | G.P.S.Mouran | Barnala | Open | School Of Eminence Bhadaur District Barnala | Barnala |

## ਸ਼ਰਤਾਂ-

1. ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ Civil Appeal No. 1385 of 2025 titled as Ishat-E-Taleem Trust vs. State of Maharashtra and Others ਵਿੱਚ ਦਿੱਤੇ ਗਏ ਫੈਸਲੇ ਮਿਤੀ 01.09.2025 ਦੀ ਰੋਸ਼ਨੀ ਵਿੱਚ non-TET qualified Teachers ਦੀਆਂ ਪਦ-ਉੱਨਤੀਆਂ ਰੱਦ ਸਮਝੀਆਂ ਜਾਣਗੀਆਂ।
2. ਸਬੰਧਤ ਪਦ-ਉੱਨਤੀ ਕਰਮਚਾਰੀ ਕੱਟ-ਆਫ਼-ਡੇਟ ਨੂੰ ਸਾਰੀਆਂ ਵਿਦਿਅਕ / ਕਿੱਤਾ ਯੋਗਤਾਵਾਂ ਪੂਰੀਆਂ ਕਰਦੇ ਹੋਣ ਲਾਜਮੀ ਹਨ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਪਦ-ਉੱਨਤੀ ਦੇ ਹੁਕਮ ਰੱਦ ਸਮਝੇ ਜਾਣਗੇ।
3. ਜੇਕਰ ਪਦ-ਉੱਨਤ ਹੋਣ ਵਾਲੇ ਕਰਮਚਾਰੀਆਂ ਦੇ ਪਦ-ਉੱਨਤੀ ਦੀ ਯੋਗਤਾ ਸਬੰਧੀ ਕਿਸੇ ਵੀ ਸਟੇਜ ਤੇ ਵੇਰਵੇ ਗਲਤ ਪਾਏ ਜਾਂਦੇ ਹਨ ਤਾਂ ਬਿਨਾਂ ਨੋਟਿਸ ਦਿੱਤਿਆਂ ਹੀ ਕਰਮਚਾਰੀ ਦੀ ਪਦ-ਉੱਤਨੀ ਦੇ ਹੁਕਮ ਰੱਦ ਕਰਦਿਆਂ ਉਸਦੀ ਨਿਯੁਕਤੀ ਦੇ ਮੁਢਲੇ ਕਾਡਰ (ਫੀਡਰ ਕਾਡਰ) ਵਿੱਚ ਰਿਵਰਟ ਕਰ ਦਿੱਤਾ ਜਾਵੇਗਾ ।
4. ਜੇਕਰ ਪਦ-ਉੱਨਤੀਆਂ ਸਬੰਧੀ ਕਿਸੇ ਵੀ ਕਰਮਚਾਰੀ ਵੱਲੋਂ ਜਾਣ-ਬੁੱਝ ਕੇ ਕੋਈ ਗਲਤ ਤੱਥ / ਵੇਰਵੇ / ਦਸਤਾਵੇਜ ਪੇਸ਼ ਕੀਤੇ ਜਾਂਦੇ ਹਨ ਤਾਂ ਅਜਿਹਾ ਪਾਏ ਜਾਣ ਤੇ ਕਰਮਚਾਰੀ ਵਿਰੁੱਧ ਨਿਯਮਾਂ ਅਧੀਨ ਬਣਦੀ ਵਿਭਾਗੀ ਅਨੁਸ਼ਾਸ਼ਨੀ / ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ, ਜਿਸ ਦੇ ਲਈ ਜਿੰਮੇਵਾਰੀ ਸਬੰਧਤ ਕਰਮਚਾਰੀ ਦੀ ਨਿੱਜੀ ਹੋਵੇਗੀ।
5. ਸਬੰਧਤ ਪਦ-ਉੱਨਤ ਕਰਮਚਾਰੀ ਪਦ-ਉੱਨਤੀ ਵਾਲੇ ਸਟੇਸ਼ਨ ਤੇ ਹਾਜਰ ਹੋਣ ਉਪਰੰਤ ਆਪਣੇ ਸੇਵਾ ਰਿਕਾਰਡ ਸਬੰਧੀ ਸਾਰੇ ਵੇਰਵੇ ਹਾਜਰ ਹੋਣ ਦੀ ਮਿਤੀ ਤੋਂ ਬਾਅਦ ਅਗਲੇ 02 ਕਾਮਕਾਜੀ ਦਿਨਾਂ ਦੇ ਅੰਦਰ ਈ-ਪੰਜਾਬ ਪੋਰਟਲ ਤੇ ਅਪਲੋਡ ਕਰਨੇ ਯਕੀਨੀ ਬਣਾਉਣਗੇ ਤਾਂ ਜੋ ਪਦ-ਉੱਨਤੀਆਂ ਦੀ ਅਗਲੀ ਪ੍ਰੀਕ੍ਰਿਆ ਸਬੰਧੀ ਸਥਿਤੀ ਸਪੱਸ਼ਟ ਹੋ ਸਕੇ। ਜੇਕਰ ਕਿਸੇ ਕਰਮਚਾਰੀ ਵੱਲੋਂ ਉਸਦੀ ਬਤੌਰ ਮਾਸਟਰ ਕਾਡਰ ਹਾਜਰੀ ਉਪਰੰਤ

ਈ-ਪੰਜਾਬ ਤੇ ਸਮੇਂ ਸਿਰ ਡਾਟਾ ਅਪਲੋਡ ਨਹੀਂ ਕੀਤਾ ਗਿਆ ਤਾਂ ਸਬੰਧਤ ਕਰਮਚਾਰੀ ਨੂੰ ਪੰਜਾਬ ਸਿਵਲ ਸੇਵਾਵਾਂ (ਜਨਰਲ ਤੇ ਕਾਮਨ ਕੰਡੀਸ਼ਨ) ਸਰਵਿਸ ਰੂਲਜ਼ 1994 ਦੇ ਨਿਯਮ 8 (2) ਅਧੀਨ ਪਦ-ਉੱਨਤੀ ਦੀ ਮਿਤੀ ਤੋਂ ਅਗਲੇ 02 ਸਾਲਾਂ ਲਈ ਪਦ-ਉੱਨਤੀਆਂ ਦੇ ਹੱਕ ਤੋਂ ਡੀ-ਬਾਰ ਕਰ ਦਿੱਤਾ ਜਾਵੇਗਾ।

6. ਪਦ-ਉੱਨਤ ਕਰਮਚਾਰੀਆਂ ਦਾ ਪਰਖ ਕਾਲ ਸਮਾਂ ਇੱਕ ਸਾਲ ਦਾ ਹੋਵੇਗਾ।
7. ਜਿਨਾਂ ਕਰਮਚਾਰੀਆਂ ਵਿਰੁੱਧ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਪੈਂਡਿੰਗ ਹੈ, ਉਨਾਂ ਦੇ ਕੇਸ ਸ਼ੀਲਡ ਕਵਰ ਵਿੱਚ ਰੱਖੇ ਗਏ ਹਨ। ਜੇਕਰ ਅਜਿਹਾ ਕੋਈ ਕਰਮਚਾਰੀ ਉਕਤ ਪਦ-ਉੱਨਤੀਆਂ ਦੀ ਸੂਚੀ ਵਿੱਚ ਸ਼ਾਮਿਲ ਹੈ, ਜਿਸ ਦੇ ਵਿਰੁੱਧ ਕੋਈ ਵਿਭਾਗੀ ਅਨੁਸ਼ਾਸ਼ਨੀ ਕਾਰਵਾਈ ਜਾਂ ਕਾਨੂੰਨੀ ਕਾਰਵਾਈ ਪੈਂਡਿੰਗ ਹੈ ਤਾਂ ਸਬੰਧਤ ਡੀ.ਡੀ.ਓ. ਉਸਦਾ ਕੇਸ ਤੁਰੰਤ ਮੁੱਖ ਦਫ਼ਤਰ ਨੂੰ ਅਗਲੇਰੀ ਕਾਰਵਾਈ ਲਈ Back refer ਕਰਨਾ ਯਕੀਨੀ ਬਣਾਏਗਾ।
8. ਮਾਨਯੋਗ ਅਦਾਲਤਾਂ ਵੱਲੋਂ ਪਦ-ਉੱਨਤੀਆਂ ਸਬੰਧੀ ਕੋਰਟ ਕੇਸਾਂ ਵਿੱਚ ਦਿੱਤੇ ਜਾਣ ਵਾਲੇ ਫੈਸਲਿਆਂ ਅਨੁਸਾਰ ਇਹ ਪਦ-ਉੱਨਤੀਆਂ ਰੀਵਿਊ ਕਰਨਯੋਗ ਹੋਣਗੀਆਂ।
9. ਸਬੰਧਤ ਸਕੂਲ ਮੁਖੀ / ਡੀ.ਡੀ.ਓ. ਵੱਲੋਂ ਪਦ-ਉੱਨਤ ਕਰਮਚਾਰੀਆਂ ਦੇ ਹੁਕਮ ਅਤੇ ਡੀ-ਬਾਰ ਹੋਣ ਦੀ ਸੂਰਤ ਵਿੱਚ ਡੀ-ਬਾਰ ਦੇ ਹੁਕਮ ਸਬੰਧਤ ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਦਰਜ ਕੀਤੇ ਜਾਣਗੇ।
10. ਉਕਤ ਪਦ-ਉੱਨਤ ਕਰਮਚਾਰੀਆਂ ਦੀ ਨੋਸ਼ਨਲ ਪਦ-ਉੱਨਤੀ ਦੀ ਮਿਤੀ ਦੇ ਹੁਕਮ ਉਨ੍ਹਾਂ ਦੀ ਯੋਗਤਾ/ਨਿਯਮਾਂ ਅਨੁਸਾਰ ਬਤੌਰ ਮਾਸਟਰ/ਮਿਸਟ੍ਰੈਸ ਹਾਜ਼ਰ ਹੋਣ ਉਪਰੰਤ ਜਾਰੀ ਕੀਤੇ ਜਾਣਗੇ ।

ਸਕੱਤਰ ਸਿੰਘ ਬੱਲ, ਪੀ.ਸੀ.ਐਸ.
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।

ਪਿੱਠ ਅੰਕਣ ਨੰ :ਉਕਤ/2026272525 to 29 ਮਿਤੀ,ਐਸ.ਏ.ਐਸ.ਨਗਰ: 28.01.2026

ਉਪਰੋਕਤ ਦਾ ਉਤਾਰਾ ਹੇਠ ਅਨੁਸਾਰ ਸੂਚਨਾ / ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ ਸਿੱਖਿਆ)। (ਵੈਬਸਾਈਟ/ਈ.ਮੇਲਰਾਹੀਂ)
2. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ / ਐਸਿ) ਪੰਜਾਬ ਅਤੇ ਸਬੰਧਤ ਡੀ.ਡੀ.ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪਦ-ਉੱਨਤ ਕਰਮਚਾਰੀਆਂ ਦੀ ਪਾਤਰਤਾ ਸਬੰਧੀ ਵੇਰਵੇ ਚੈੱਕ ਕਰਨ ਉਪਰੰਤ ਹੀ ਉਸਨੂੰ ਫਾਰਗ / ਹਾਜਰ ਕਰਵਾਇਆ ਜਾਵੇ। ਸਬੰਧਤ ਕਰਮਚਾਰੀਆਂ ਦੀ ਫੀਡਰ ਕਾਡਰ ਵਿੱਚ ਘੱਟ ਤੋਂ ਘੱਟ ਸੇਵਾ 4 ਸਾਲ ਦੀ ਹੋਣੀ ਲਾਜਮੀ ਹੈ। ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਤੋਂ ਵਿਦਿਅਕ / ਕਿੱਤਾ ਯੋਗਤਾ ਰੱਖਣ ਵਾਲੇ ਕਰਮਚਾਰੀਆਂ ਦੀਆਂ ਡਿਗਰੀਆਂ / ਸਰਟੀਫਿਕੇਟ ਯੂ.ਜੀ.ਸੀ. ਦੀਆਂ ਗਾਈਡਲਾਈਨਜ਼ ਅਧੀਨ ਚੈੱਕ ਕੀਤੇ ਜਾਣ ਅਤੇ ਕਿਸੇ ਵੀ ਸਟੇਜ ਤੇ ਕੋਈ ਤੱਥ / ਵੇਰਵੇ ਗਲਤ ਪਾਏ ਜਾਣ ਦੀ ਸੂਰਤ ਵਿੱਚ ਤੁਰੰਤ ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।
3. ਡਾਇਰੈਕਟਰ ਸਿੱਖਿਆ ਵਿਭਾਗ ਯੂ.ਟੀ ਸੈਕਟਰ-9, ਚੰਡੀਗੜ੍ਹ। (ਵੈਬਸਾਈਟ/ਈ.ਮੇਲਰਾਹੀਂ)
4. ਇੰਚਾਰਜ ਐਮ.ਆਈ.ਐਸ. ਵਿੰਗ ਨੂੰ ਵਿਭਾਗ ਦੀ ਵੈਬਸਾਈਟ ਤੇ ਉਕਤ ਹੁਕਮ ਅਪਲੋਡ ਕਰਨ ਹਿੱਤ।
5. ਸਬੰਧਤ ਕਰਮਚਾਰੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਉਹ ਸਰਕਾਰੀ ਡਿਊਟੀ ਜਾਂ ਪ੍ਰਵਾਿਣਤ ਛੁੱਟੀ ਕਾਰਨ ਸਟੇਸ਼ਨ ਤੇ ਹਾਜਰ ਨਹੀਂ ਹਨ ਤਾਂ ਉਹ ਆਪਣੀ ਫਾਰਗੀ / ਹਾਜਰੀ ਦੀ ਕਾਰਵਾਈ ਆਨ-ਲਾਈਨ ਮੁਕੰਮਲ ਕਰਨਗੇ ਅਤੇ ਜੇਕਰ ਕਿਸੇ ਕਰਮਚਾਰੀ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਪਦ-ਉੱਨਤੀ ਦੇ ਹੁਕਮ ਜਾਰੀ ਹੋਣ ਉਪਰੰਤ 15 ਦਿਨਾਂ ਦੇ ਅੰਦਰ-2 ਆਪਣੇ ਇਤਰਾਜ ਸਬੰਧਤ ਜਿ.ਸਿ.ਅ. ਰਾਹੀਂ ਇਸ ਦਫ਼ਤਰ ਨੂੰ ਭੇਜਣਗੇ। ਨਿੱਜੀ ਰੂਪ ਵਿੱਚ ਜਾਂ ਮੇਲ ਰਾਹੀਂ ਭੇਜੇ ਗਏ ਇਤਰਾਜ ਮੰਨਣਯੋਗ ਨਹੀਂ ਹੋਣਗੇ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)